# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

ਮਾਸਟਰ ਪਰਮਵੇਦ

Epaper World Punjabi Times　　07 ਦਸੰਬਰ 2025 ਦਿਨ ਐਤਵਾਰ　　ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪ੍ਰਸਿੱਧ ਕਹਾਣੀਕਾਰ ਭਗਵੰਤ ਰਸੂਲਪੁਰੀ ਦਾ ਗੁਲਾਟੀ ਪਬਲਿਸ਼ਰਜ਼ ਸਰੀ ਵਿਖੇ ਲੇਖਕ ਮਿੱਤਰਾਂ ਵੱਲੋਂ ਸਵਾਗਤ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 7 ਦਸੰਬਰ : ਢਾਹਾਂ ਸਾਹਿਤ ਪੁਰਸਕਾਰ 2025 ਦੇ ਵੱਕਾਰੀ ਇਨਾਮ ਨਾਲ ਸਨਮਾਨਿਤ ਪ੍ਰਸਿੱਧ ਕਹਾਣੀਕਾਰ ਭਗਵੰਤ ਰਸੂਲਪੁਰੀ ਬੀਤੇ ਦਿਨ ਗੁਲਾਟੀ ਪਬਲਿਸ਼ਰਜ਼ ਦੇ ਸਰੀ ਸਥਿਤ ਸਟੋਰ ਵਿਖੇ ਪਹੁੰਚੇ, ਜਿੱਥੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਬਹੁਪੱਖੀ ਲੇਖਕ ਮੋਹਨ ਗਿੱਲ ਅਤੇ ਸ਼ਾਇਰ ਹਰਦਮ ਮਾਨ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ।

ਇਨ੍ਹਾਂ ਲੇਖਕਾਂ ਨੇ ਭਗਵੰਤ ਰਸੂਲਪੁਰੀ ਨੂੰ ਢਾਹਾਂ ਸਾਹਿਤ ਐਵਾਰਡ ਲਈ ਮੁਬਾਰਕਬਾਦ ਦਿੱਤੀ। ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਭਗਵੰਤ ਰਸੂਲਪੁਰੀ ਦਾ ਨਾਂ ਅਧੁਨਿਕ ਪੰਜਾਬੀ ਕਹਾਣੀ ਦੇ ਸਰਗਰਮ ਅਤੇ ਸਮਰਪਿਤ ਰਚਨਾਕਾਰਾਂ ਵਿੱਚ ਸ਼ੁਮਾਰ ਹੈ। ਭਗਵੰਤ ਨੇ ਆਪਣੀਆਂ ਕਹਾਣੀਆਂ ਰਾਹੀਂ ਸਮਾਜਕ ਹਕੀਕਤਾਂ, ਮਨੁੱਖੀ ਸੰਬੰਧਾਂ ਅਤੇ ਮਨੋਵਿਗਿਆਨਕ ਗੁੰਝਲਾਂ ਨੂੰ ਬੇਹੱਦ ਸੁਚੱਜੇ ਢੰਗ ਨਾਲ ਉਭਾਰਿਆ ਹੈ। ਉਨ੍ਹਾਂ ਦੀ ਨਵੀਂ ਕਿਤਾਬ “ਡਿਲਿਵਰੀ ਮੈਨ” 2025 ਨੇ ਢਾਹਾਂ ਇਨਾਮ ਹਾਸਲ ਕਰ ਕੇ ਪੰਜਾਬੀ ਸਾਹਿਤ ਵਿੱਚ ਵੱਖਰੀ ਪਹਿਚਾਣ ਬਣਾਈ ਹੈ।

ਮੋਹਨ ਗਿੱਲ ਨੇ ਕਿਹਾ ਕਿ ਰਸੂਲਪੁਰੀ ਦਾ ਲਿਖਣ-ਅੰਦਾਜ਼ ਸਾਦਗੀ, ਗਹਿਰਾਈ ਅਤੇ ਰਚਨਾਤਮਕ ਸੂਝ ਦਾ ਸੁੰਦਰ ਮਿਲਾਪ ਹੈ, ਜੋ ਨਵੇਂ ਤੇ ਪੁਰਾਣੇ ਪਾਠਕਾਂ ਦੋਹਾਂ ਨੂੰ ਆਪਣੇ ਨਾਲ ਜੋੜਦਾ ਹੈ। ਹਰਦਮ ਮਾਨ ਨੇ ਕਿਹਾ ਕਿ ਭਗਵੰਤ ਦੀਆਂ ਕਹਾਣੀਆਂ ਵਿੱਚ ਅਧੁਨਿਕ ਸਮਾਜ ਅਤੇ ਜੀਵਨ ਦੇ ਬਹੁ-ਪਹਿਲੂਆਂ ਨੂੰ ਸੰਵੇਦਨਸ਼ੀਲਤਾ ਨਾਲ ਦਰਸਾਇਆ ਗਿਆ ਹੈ। ਭਗਵੰਤ ਰਸੂਲਪੁਰੀ ਨੇ ਵਡੇਰਾ ਮਾਣ ਦੇਣ ਲਈ ਲੇਖਕ ਮਿੱਤਰਾਂ ਦਾ ਧੰਨਵਾਦ ਕੀਤਾ ਅਤੇ ਆਪਣੀਆਂ ਕਿਤਾਬਾਂ ‘‘ਡਿਲਿਵਰੀ ਮੈਨ’, ‘ਮਰਨ ਰੁੱਤ’ ਅਤੇ ‘ਤੀਜਾ ਨੇਤਰ’ ਲੇਖਕ ਦੋਸਤਾਂ ਨੂੰ ਭੇਟ ਕੀਤੀਆਂ।

## ਆਪਣੇ ਨਵੇ ਸਿੰਗਲ ਟਰੈਕ “ਗੈਗਸਟਰ ਪੁੱਤ ਮਾਂ ਦਾ” ਨੂੰ ਰੀਲੀਜ਼ ਕਰਨ ਫ਼ਰੀਦਕੋਟ ਪਹੁੰਚੇ :- ਉਘੇ ਲੋਕ ਗਾਇਕ ਮੰਦਰ ਮਿਰਜੇ ਕੇ

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ ਦਰਦੀ ਫ਼ਰੀਦਕੋਟ



ਫ਼ਰੀਦਕੋਟ 7 ਦਸੰਬਰ : ਅੱਜ ਆਪਣੇ ਨਵੇ ਸਿੰਗਲ ਟਰੈਕ “ਗੈਗਸਟਰ ਪੁੱਤ ਮਾਂ ਦਾ” ਨੂੰ ਰੀਲੀਜ਼ ਕਰਨ ਸ਼ਾਹੀ ਹਵੇਲੀ ਫ਼ਰੀਦਕੋਟ ਪਹੁੰਚੇ , ਪ੍ਰਸਿੱਧ ਕਬੱਡੀ ਕਮੈਂਟਰ ਤੇ ਉਘੇ ਲੋਕ ਗਾਇਕ ਮੰਦਰ ਮਿਰਜੇ ਕੇ ।

ਓਨਾਂ ਸਰੋਤਿਆਂ ਨਾਲ ਗੱਲਬਾਤ ਦੌਰਾਨ ਦੱਸਿਆਂ ਕਿ ਇਹ ਸਿੰਗਲ ਟਰੈਕ ਖੇਡ ਜਗਤ ਨਾਲ ਸਬੰਧਤ ਨੌਜਵਾਨ ਦੀ ਅਸਲ ਦਾਸਤਾਨ ਹੈ। ਉਹ ਕਿਸ ਤਰਾਂ ਗੰਦੀ ਰਾਜਨੀਤੀ ਭੇਂਟ ਚੜ੍ਹਿਆ ਅਤੇ ਸਰਕਾਰਾ ਵੱਲੋ ਉਸ ਨੂੰ ਕਿਵੇ ਗੈਗਸਟਰ ਐਲਾਨਿਆ ਗਿਆਂ। ਅਸੀ ਆਖਿਰ ਗੀਤ ਵਿਚ ਉਸ ਨੌਜਵਾਨ ਦੀ ਤਸਵੀਰ ਦਿਖਾਈ ਹੈ। ਅਸੀ ਇਸ ਗੀਤ ਦੇ




ਫਿਲਮਾਂਕਣ ਨੂੰ ਤਿਆਰ ਕਰਨ ਵਿਚ ਕੋਈ ਕਸਰ ਨਹੀ ਛੱਡੀ, ਫਿਲਮਾਂਕਣ ਨੂੰ ਤਿਆਰ ਕਰਨ ਵਿਚ ਤਕਰੀਬਨ ਦੋ ਮਹੀਨੇ ਲੱਗ ਗਏ। ਇਹ ਵੱਖ ਵੱਖ ਲੋਕੇਸ਼ਨਾਂ ਤੇ ਫਿਲਮਾਇਆ ਗਿਆ ਹੈ। ਇਸ ਵਿਚ ਮੇਰੇ ਬਹੁਤ ਸਾਰੇ ਅਜੀਜ ਦੋਸਤਾਂ ਦਾ ਸਹਿਯੋਗ ਹੈ। ਮੇਰੀ ਸਰੋਤਿਆ ਅੱਗੇ ਬੇਨਤੀ ਹੈ, ਓਹ ਇਸ ਨੂੰ ਸੁਣਨ ਤੇ ਅੱਗੇ ਸੇਅਰ ਕਰਨ ਤਾਂ ਜੋ ਸਾਡੀ ਦਿਨ ਰਾਤ ਕੀਤੀ ਮਿਹਨਤ ਦਾ ਮੁੱਲ ਮੁੜ ਸਕੇ।

ਇਸ ਸਮੇ ਬਲਕਰਨ ਮੱਲੀ ਲੁਹਾਮ,ਰਾਣਾ ਲੌਹਰੀਆ,ਅਮਿਰਤ ਖਲਚੀਆਂ, ਬਲਕਾਰ ਕੈਲਾਸ਼, ਰਣਦੀਪ ਨੰਬਰਦਾਰ ਕੈਲਾਸ਼,ਚਰਨ ਬਰਾੜ ਕੈਲਾਸ਼, ਕਿਸਾਨ ਯੂਨੀਅਨ ਏਕਤਾ ਫਤਿਹ ਪੰਜਾਬ ਦੇ ਗੁਰਜੀਤ ਹੈਰੀ ਢਿੱਲੋ,ਬਲਵਿੰਦਰ ਸਿੰਘ ਗਰਲਾਲ ਸਿੰਘ ਅਮਜਦ ਖਾਨ , ਧਰਮਿੰਦਰ ਸਿੰਘ, ਕੇ.ਪੀ. ਸਿੰਘ ਸਰਾਂ , ਸਾਹਿਤਕਾਰ ਸ਼ਿਵਨਾਥ ਦਰਦੀ ਤੇ ਆਸ਼ੀਸ਼ ਕੁਮਾਰ ਆਦਿ ਹਾਜ਼ਰ ਸਨ।

## ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ “ਮਾਨਸਿਕ ਸਿਹਤ ਦਾ ਅਧਿਕਾਰ” ਵਿਸ਼ੇ ‘ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਦਾ ਆਗਾਜ਼

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ




ਤਲਵੰਡੀ ਸਾਬੋ (ਬਠਿੰਡਾ), 7 ਦਸੰਬਰ : ਮਨੁੱਖੀ ਅਧਿਕਾਰ ਕਮਿਸ਼ਨ ਨਵੀਂ ਦਿੱਲੀ ਵੱਲੋ ਪ੍ਰਾਯੋਜਿਤ “ਮਾਨਸਿਕ ਸਿਹਤ ਦਾ ਅਧਿਕਾਰ-ਪਹੁੰਚ, ਜਾਗਰੂਕਤਾ ਅਤੇ ਵਕਾਲਤ” ਵਿਸ਼ੇ ‘ਤੇ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਆਯੋਜਿਤ ਕੀਤਾ ਗਿਆ, ਜਿਸ ਦਾ ਆਗਾਜ਼ ਮੁੱਖ ਮਹਿਮਾਨ ਮੈਂਬਰ ਮਨੁੱਖੀ ਅਧਿਕਾਰ ਕਮਿਸ਼ਨ, ਡਾ. ਜਸਟਿਸ ਬਿਦਯੁਤ ਰੰਜਣ ਸਾਰੰਗੀ, ਸਾਬਕਾ ਚੀਫ਼ ਜਸਟਿਸ ਝਾਰਖੰਡ ਹਾਈ ਕੋਰਟ ਵੱਲੋਂ ਕੀਤਾ ਗਿਆ। ਇਸ ਮੌਕੇ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ, ਐਸ.ਪੀ. ਹੈੱਡ ਕੁਆਰਟਰ ਬਠਿੰਡਾ ਜਗਦੀਸ਼ ਬਿਸ਼ਨੋਈ, ਡਾਇਰੈਕਟਰ ਕੈਂਪਸ ਡਾ. ਹਰਜਸਪਾਲ ਸਿੰਘ ਸਿੱਧੂ, ਪਰੋ. ਵਾਈਸ ਚਾਂਸਲਰ ਡਾ. ਜਗਤਾਰ ਸਿੰਘ ਧੀਮਾਨ, ਪਰੋ ਵਾਈਸ ਚਾਂਸਲਰ ਡਾ. ਪੀਯੂਸ਼ ਵਰਮਾ, ਡੀਨ ਅਕਾਦਮਿਕ ਡਾ. ਜਾਵੇਦ ਅਹਿਮਦ ਖਾਨ, ਨੋਡਲ ਅਫ਼ਸਰ ਡਾ. ਅਮਿਤ ਟੁਟੇਜਾ, ਸਬ ਡਿਵੀਜ਼ਨਲ ਜੁਡੀਸ਼ੀਅਲ ਮੈਜਿਸਟ੍ਰੇਟ ਤਲਵੰਡੀ ਸਾਬੋ ਮੈਡਮ ਕਰਨਦੀਪ ਕੌਰ, ਜੁਡੀਸ਼ੀਅਲ ਮੈਜਿਸਟ੍ਰੇਟ ਫਸਟ ਕਲਾਸ ਤਲਵੰਡੀ ਸਾਬੋ ਮਨਜਿੰਦਰ ਸਿੰਘ, ਵੱਖ-ਵੱਖ ਵਿਭਾਗਾਂ ਦੇ ਡੀਨ, ਫੈਕਲਟੀ ਮੈਂਬਰ, ਪੁਲਿਸ ਅਧਿਕਾਰੀ, ਕਰਮਚਾਰੀ ਅਤੇ ਵਿਦਿਆਰਥੀ ਵਿਸ਼ੇਸ਼ ਤੌਰ ‘ਤੇ ਹਾਜ਼ਰ ਹੋਏ।

ਸੈਮੀਨਾਰ ਦੇ ਤਕਨੀਕੀ ਸੈਸ਼ਨ ਵਿੱਚ ਵਿਭਾਗ ਮੁੱਖੀ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ, ਡਾ. ਪੀ.ਡੀ.ਬਾਂਸਲ, ਸਿਵਲ ਜੱਜ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ, ਮੈਡਮ ਬਲਜਿੰਦਰ ਕੌਰ ਮਾਨ ਚੀਫ਼ ਜੁਡੀਸ਼ੀਅਲ ਮੈਜੀਸਟ੍ਰੇਟ ਬਠਿੰਡਾ, ਡਾ. ਪੁਨੀਤ ਪਾਠਕ, ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ ਨੇ ਵਿਸ਼ੇਸ਼ ਬੁਲਾਰੇ ਵਜੋਂ ਆਪਣੇ ਵਿਚਾਰ ਰੱਖੇ। ਇਸ ਮੌਕੇ ਪ੍ਰੋਗਰਾਮ ਦੇ ਵਿਸ਼ੇ ਬਾਰੇ ਇੱਕ ਕਿਤਾਬਚਾ ਵੀ ਰਿਲੀਜ਼ ਕੀਤਾ ਗਿਆ।

ਮੁੱਖ ਮਹਿਮਾਨ ਮਾਣਯੋਗ ਜਸਟਿਸ ਸਾਰੰਗੀ ਨੇ ਕਿਹਾ ਕਿ ਭਾਰਤ ਵਿੱਚ ਜਨਮ ਲੈਣ ਵਾਲਾ ਹਰ ਬੱਚਾ ਜਨਮ ਤੋਂ ਹੀ ਆਪਣੀ ਆਜ਼ਾਦੀ, ਸਮਾਨਤਾ ਅਤੇ ਜਿਉਣ ਦਾ ਅਧਿਕਾਰ ਲੈ ਕੇ ਪੈਦਾ ਹੁੰਦਾ ਹੈ। ਸਵਿੰਧਾਨ ਵੱਲੋਂ ਉਸ ਨੂੰ ਮਨ ਚਾਹੇ ਤਰੀਕੇ ਨਾਲ ਤਰੱਕੀ ਕਰਨ ਅਤੇ ਜ਼ਿੰਦਗੀ ਜੀਓਣ ਦੇ ਅਧਿਕਾਰ ਦਿੱਤੇ ਗਏ ਹਨ ਪਰ ਹੁਣ ਵਿਕਾਸ ਦੇ ਇਸ ਦੌਰ ਵਿੱਚ ਜ਼ਿਆਦਾਤਰ ਬੱਚੇ, ਵਿਦਿਆਰਥੀ, ਜਨਤਕ ਸੇਵਾਵਾਂ ਦੇਣ ਵਾਲੇ ਅਧਿਕਾਰੀ ਅਤੇ ਕਰਮਚਾਰੀ ਮਾਨਸਿਕ ਸਿਹਤ ਦਬਾਅ ਮਹਿਸੂਸ ਕਰ ਰਹੇ ਹਨ। ਇਸ ਲਈ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਉਨ੍ਹਾਂ ਦੇ ਮਾਨਸਿਕ ਸਿਹਤ ਨੂੰ ਤੰਦਰੁਸਤ ਰੱਖਣ ਅਤੇ ਮਾਨਸਿਕ ਦਬਾਅ ਘੱਟ ਕਰਨ ਅਤੇ ਇਸ ਖੇਤਰ ਵਿੱਚ ਆ ਰਹੀਆਂ ਚੁਣੌਤੀਆਂ ਦੇ ਸਮਾਧਾਨ ਲਈ ਸੈਮੀਨਾਰਾਂ ਦੀ ਲੜੀ ਵਿੱਚ ਅੱਜ ਦਾ ਇਹ ਆਯੋਜਨ ਕੀਤਾ ਗਿਆ ਹੈ। ਉਨ੍ਹਾਂ ਸੈਮੀਨਾਰ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇਸ ਆਯੋਜਨ ਦੀ ਵਧਾਈ ਦਿੱਤੀ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਚਾਂਸਲਰ ਸਿੱਧੂ ਨੇ ਆਯੋਜਕਾਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੀ.ਕੇ.ਯੂ. ਨੇ ਵਿਦਿਆਰਥੀਆਂ ਦੇ ਮਾਨਸਿਕ ਦਬਾਅ ਨੂੰ ਘੱਟ ਕਰਨ ਅਤੇ ਖੁਸ਼ ਰਹਿਣ ਲਈ ‘ਵਰਸਿਟੀ ਵਿਖੇ ਹੈਪੀਨੈੱਸ ਸੈਂਟਰ ਸ਼ੁਰੂ ਕੀਤਾ ਹੈ। ਉਨ੍ਹਾਂ ਮਾਨਸਿਕ ਸਿਹਤ ਦੇ ਖੇਤਰ ਵਿੱਚ ਆ ਰਹੀਆਂ ਦਿਕੱਤਾਂ ਦੇ ਹੱਲ ਲਈ ਅਕਾਦਮਿਕ ਸਹਿਯੋਗ ਦੀ ਗੱਲ ਕੀਤੀ।


ਪਰੋ. ਵਾਈਸ ਚਾਂਸਲਰ ਡਾ. ਧੀਮਾਨ ਨੇ ਆਕੰੜਿਆਂ ਦੀ ਮਦਦ ਨਾਲ ਕਿਹਾ ਕਿ ਭਾਰਤ ਵਿੱਚ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਮਾਨਸਿਕ ਤਨਾਅ ਅਤੇ ਇਸ ਨਾਲ ਜੁੜੇ ਰੋਗ ਚਿੰਤਾਜਨਕ ਮੁੱਦਾ ਹੈ, ਜਿਨ੍ਹਾਂ ਪ੍ਰਤੀ ਜਾਗਰੂਕਤਾ ਲਿਆਉਣ ਦੀ ਗੱਲ ਕਰਦਿਆਂ ਕਿਹਾ ਕਿ ਇਸ ਸਮੱਸਿਆ ਦੇ ਸਮਾਧਾਨ ਲਈ ਵਿਚਾਰ ਵਟਾਂਦਰਾ ਅਤੇ ਮਾਹਿਰਾਂ ਦੀ ਰਾਏ ਜ਼ਰੂਰੀ ਹੈ।

ਪਰੋ. ਵਾਈਸ ਚਾਂਸਲਰ ਡਾ. ਵਰਮਾ ਨੇ ਆਪਣੇ ਧੰਨਵਾਦੀ ਭਾਸ਼ਣ ਵਿੱਚ ਸਭਨਾਂ ਨੂੰ ਮਾਨਸਿਕ ਸਿਹਤ ਸੰਭਾਲ ਅਤੇ ਇਸ ਪ੍ਰਤੀ ਜਾਗਰੂਕ ਰਹਿਣ ਦੀ ਗੱਲ ਕਰਦਿਆਂ ਕਿਹਾ ਕਿ ਲੋੜ ਪੈਣ ‘ਤੇ ਸੰਬੰਧਿਤ ਵਿਅਕਤੀ ਨੂੰ ਬਿਨਾਂ ਝਿਜਕ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ ਅਤੇ ਲੋੜ ਪੈਣ ‘ਤੇ ਮਨੋਵਿਗਿਆਨਿਕ ਮਾਹਿਰਾਂ ਦੀ ਸਲਾਹ ਲੈਣ ਦੀ ਗੱਲ ਤੇ ਜ਼ੋਰ ਦਿੱਤਾ।

ਨੋਡਲ ਅਫਸਰ ਡਾ. ਟੁਟੇਜਾ ਨੇ ਦੋ ਦਿਨ ਚੱਲਣ ਵਾਲੇ ਸੈਮੀਨਾਰ ਦੀ ਕਾਰਵਾਈ ਬਾਰੇ ਚਾਨਣਾ ਪਾਇਆ ਅਤੇ ਵਰਸਿਟੀ ਵੱਲੋਂ ਸਮਾਜ ਹਿੱਤ ਵਿੱਚ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਅਤੇ ਮੁੱਖ ਬੁਲਾਰਿਆਂ ਤੋਂ ਜਾਣੂ ਕਰਵਾਇਆ। ਆਯੋਜਕਾਂ ਵੱਲੋਂ ਪਤਵੰਤਿਆਂ ਨੂੰ ਦੁਸ਼ਾਲੇ ਅਤੇ ਸਮ੍ਰਿਤੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।

## ਸਟਾਕਟਨ(ਅਮਰੀਕਾ) ਵੱਸਦੀ ਪੰਜਾਬੀ ਲੇਖਿਕਾ ਹਰਪ੍ਰੀਤ ਕੋਰ ਧੂਤ ਦਾ ਕਹਾਣੀ ਸੰਗ੍ਰਹਿ “ਖ਼ਤਰਾ ਤਾਂ ਹੈ” ਗੁਰਭਜਨ ਗਿੱਲ ਵੱਲੋਂ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 7 ਦਸੰਬਰ : ਸਟਾਕਟਨ(ਅਮਰੀਕਾ) ਵੱਸਦੀ ਪੰਜਾਬੀ ਲੇਖਿਕਾ ਹਰਪ੍ਰੀਤ ਕੋਰ ਧੂਤ ਦਾ ਕਹਾਣੀ ਸੰਗ੍ਰਹਿ “ਖ਼ਤਰਾ ਤਾਂ ਹੈ” ਲੋਕ ਅਰਪਣ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਹਰਪ੍ਰੀਤ ਇੱਕੋ ਵੇਲੇ ਇੱਕੋ ਜਿੰਨੀ ਮੁਹਾਰਤ ਨਾਲ ਕਵਿਤਾ ਤੇ ਕਹਾਣੀ ਲਿਖਦੀ ਹੈ ਪਰ ਉਸ ਦੀ ਇਹ ਕਹਾਣੀ ਪੁਸਤਕ ਉਸ ਨੂੰ ਪਹਿਲੇ ਕਹਾਣੀ ਸੰਗ੍ਰਹਿ “ਸੂਰਜ ਹਾਰ ਗਿਆ ਹੈ” ਤੋਂ ਵਧੇਰੇ ਪੱਕਾ ਪਕੇਰਾ ਸਥਾਨ ਦਿਵਾਏਗੀ। ਉਨ੍ਹਾਂ ਕਿਹਾ ਕਿ ਉਸ ਦੀ ਸ਼ਾਇਰੀ ਤੇ ਕਹਾਣੀ ਦਾ ਮੂੰਹ ਮੁਹਾਂਦਰਾ ਲੋਕ ਮੁਖੀ ਭਾਵਨਾ ਵਾਲਾ ਹੋਣ ਕਰਕੇ ਉਸ ਦੀ ਵਿਸ਼ਲੇਸ਼ਣੀ ਨੀਝ ਲਗਾਤਾਰ ਤੇਜ਼ ਹੋ ਰਹੀ ਹੈ। ਉਨਾਂ ਕਿਹਾ ਕਿ ਉਹ ਡਾ. ਵਰਿਆਮ ਸਿੰਘ ਸੰਧੂ ਵਾਂਗ ਲੰਮੀ ਕਹਾਣੀ ਦੀ ਸਿਰਜਕ ਹੈ। ਇਸ 220 ਪੰਨਿਆਂ ਦੀ ਪੁਸਤਕ ਵਿੱਚ ਕੁੱਲ ਛੇ ਕਹਾਣੀਆਂ ਹਨ ਪਰ ਬਹੁਤੀਆਂ ਕਹਾਣੀਆਂ ਕਦੇ ਕਿਸੇ ਮੈਗਜ਼ੀਨ ਜਾਂ ਸੰਚਾਰ ਮਾਧਿਅਮ ਵਿੱਚ ਕਦੇ ਨਹੀਂ ਛਪੀਆਂ ਕਿਉਂਕਿ ਹਰਪ੍ਰੀਤ ਕੌਰ ਧੂਤ ਬੇਪ੍ਰਵਾਹ ਸਾਹਿੱਤ ਸਾਧਕ ਹੈ ਜੋ ਬਿਨ ਮੰਗੇ ਰਚਨਾ ਨਹੀਂ ਭੇਜਦੀ।

ਇਸ ਪੁਸਤਕ ਨੂੰ ਚੇਤਨਾ ਪ੍ਰਕਾਸ਼ਨ , ਪੰਜਾਬੀ ਭਵਨ ਲੁਧਿਆਣਾ ਨੇ ਪ੍ਰਕਾਸ਼ਿਤ ਕੀਤਾ ਹੈ। ਪੁਸਤਕ ਦੀ ਕਾਪੀ ਅੱਜ ਪੰਜਾਬੀ ਲੇਖਕ ਤੇ ਪੁਸਤਕ ਦੇ ਪ੍ਰਕਾਸ਼ਕ ਸਤੀਸ਼ ਗੁਲਾਟੀ ਨੇ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਭੇਂਟ ਕੀਤੀ। ਇਸ ਪੁਸਤਕ ਦਾ ਮੁੱਖ ਬੰਦ ਲਿਖਦਿਆਂ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਹੈ ਕਿ ਹਰਪ੍ਰੀਤ ਆਪਣੇ ਅੰਦਰ ਦੱਬੀਆਂ ਪਰਤਾਂ ਅਤੇ ਦੂਜੇ ਇਨਸਾਨਾਂ ਦੇ ਅੰਦਰ ਬਾਹਰ ਪਈਆਂ ਪਰਤਾਂ ਨੂੰ ਪੜ੍ਹਨ ਤੇ ਫਰੋਲਣ ਦੇ ਮਕਸਦ ਨਾਲ ਕਹਾਣੀ ਲਿਖਣ ਦਾ ਵਾਅਦਾ ਕਰਦੀ ਹੈ ਤੇ ਇਸ ਵਾਅਦੇ ਨੂੰ ਨਿਭਾਉਣ ਦਾ ਚਾਰਾ ਵੀ ਕਰਦੀ ਹੈ। ਆਪਣੇ ਜਾਂ ਕਿਸੇ ਦੇ ਮਨ ਦੀਆਂ ਪਰਤਾਂ ਨੂੰ ਫਰੋਲ ਤੇ ਜਾਨਣ ਸਮਝਣ ਲਈ ਡੂੰਘੀ ਸਮਾਜਿਕ-ਮਨੋਵਿਗਿਆਨਕ ਅੰਤਰ-ਦ੍ਰਿਸ਼ਟੀ ਦੀ ਲੋੜ ਹੁੰਦੀ ਹੈ। ਹਰਪ੍ਰੀਤ ਕੋਲ ਜੀਵਨ ਤੇ ਵਰਤਾਰਿਆਂ ਨੂੰ ਸਮਝਣ ਵਾਲੀ ਦੂਰ-ਦ੍ਰਿਸ਼ਟੀ ਵੀ ਹੈ ਤੇ ਖ਼ੁਰਦਬੀਨੀ ਨਜ਼ਰ ਵੀ। ਬੰਦੇ ਦੇ ਅੰਦਰ-ਬਾਹਰ ਦੀਆਂ ਗੁੰਝਲਾਂ ਨੂੰ ਖੋਲ੍ਹਣ-ਫਰੋਲਣ ਦਾ ਯਤਨ ਉਹਨੇ ਆਪਣੇ ਪਹਿਲੇ ਕਹਾਣੀ ਸੰਗ੍ਰਹਿ ਵਿੱਚ ਹੀ ਸ਼ੁਰੂ ਕਰ ਦਿੱਤਾ ਸੀ ਜਿਸ ਦੀ ਇੱਕ ਖ਼ੂਬਸੂਰਤ ਉਦਾਹਰਣ ‘ਸੂਰਜ ਹਾਰ ਗਿਆ ਹੈ’ ਦੀ ਕਹਾਣੀ ‘ਸ਼ੀਸ਼ਾ ਅਜੇ ਅਧੂਰਾ ਹੈ’ ਵਿੱਚੋਂ ਵੇਖੀ ਜਾ ਸਕਦੀ ਹੈ। ‘ਸ਼ੀਸ਼ਾ ਅਜੇ ਅਧੂਰਾ ਹੈ’ ਕਹਾਣੀ ਫੈਂਟਸੀ ਜੁਗਤ ਵਿੱਚ ਲਿਖੀ ਕਹਾਣੀ ਹੈ, ਜਿਸ ਵਿੱਚ ਵੱਖ ਵੱਖ ਕਿਰਦਾਰ ਸ਼ੀਸ਼ੇ ਵਿੱਚ ਦਿਖਾਈ ਦਿੰਦੇ ਹਨ।

## ਬਾਮਸੇਫ ਅਤੇ ਡਾ.ਬੀ.ਆਰ ਅੰਬੇਡਕਰ ਵੈਲਫੇਅਰ ਟਰੱਸਟ ਜਗਰਾਉਂ ਵੱਲੋਂ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ਮੌਕੇ ਜਗਰਾਉਂ ਵਿਖੇ ਸਨਮਾਨ ਸਮਾਰੋਹ

### ਅੰਬੇਡਕਰ ਭਵਨ ਵਿਖੇ ਵਿੱਦਿਅਕ ਮੁਕਾਬਲੇ ਦੇ ਸਕੂਲ ਪੱਧਰੀ ਮੈਰਿਟ ਵਿੱਚੋਂ ਟੌਪਰ ਵਿਦਿਆਰਥੀਆਂ ਦਾ ਕੀਤਾ ਗਿਆ ਸਨਮਾਨ

ਵਰਲਡ ਪੰਜਾਬੀ ਟਾਈਮਜ਼



ਜਗਰਾਉਂ 7 ਦਸੰਬਰ : ਪ੍ਰਬੁੱਧ ਭਾਰਤ ਫਾਉਂਡੇਸ਼ਨ ਵੱਲੋਂ ਪਿਛਲੇ ਦਿਨੀ ਡਾਕਟਰ ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਅਧਾਰਿਤ ਪੁਸਤਕ ਪ੍ਰਤੀਯੋਗਤਾ ਦੇ ਟਾਪਰ ਵਿਦਿਆਰਥੀਆਂ ਦੇ ਸਮਾਰੋਹ ਹਿੱਤ ਹਿਤ ਡਾਕਟਰ ਬੀ ਆਰ ਅੰਬੇਡਕਰ ਭਵਨ ਜਗਰਾਉਂ ਵਿਖੇ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ,ਡਾ.ਸ਼ੁਭਾਸ਼ ਚੌਹਾਨ ਅਤੇ ਵਿਸ਼ੇਸ਼ ਮਹਿਮਾਨਾਂ ਵਜੋਂ ਡਾ. ਰਾਹੁਲ,ਡਾ. ਰਾਜਿੰਦਰ ਥਿੰਦ,ਡਾ.ਸੁਰਜੀਤ ਸਿੰਘ ਦੌਧਰ,ਆਰਟਿਸਟ ਪ੍ਰਿਤਪਾਲ ਸਿੰਘ, ਪ੍ਰਿੰਸੀਪਲ ਰੁਪਿੰਦਰ ਕੌਰ,ਹੈਡ ਮਿਸ.ਪੂਜਾ ਵਰਮਾ,ਪ੍ਰੋ ਕਰਮ ਸਿੰਘ ਸੰਧੂ,ਅਜੀਤ ਪਿਆਸਾ,ਡਾ.ਸੁਰਿੰਦਰ ਸਿੰਘ ਝੱਮਟ,ਪ੍ਰਿੰਸੀਪਲ ਗੁਰਦੇਵ ਕੌਰ ਨੇ ਬੱਚਿਆਂ ਨੂੰ ਇਨਾਮ ਅਤੇ ਸਰਟੀਫਿਕੇਟ ਤਕਸੀਮ ਕੀਤੇ।




ਜਗਰਾਉਂ ਤਹਿਸੀਲ ਦੇ ਇਸ ਮੁਕਾਬਲੇ ਦੀ ਪ੍ਰੀਖਿਆ ਵਿੱਚ ਲਗਭਗ ਇੱਕ ਹਜ਼ਾਰ ਵਿਦਿਆਰਥੀਆਂ ਨੇ ਭਾਗ ਲਿਆ ਸੀ। ਇਸ ਸਮੇਂ ਮੁੱਖ ਮਹਿਮਾਨ ਸ਼ੁਭਾਸ਼ ਚੌਹਾਨ ,ਡਾ.ਰਾਜਿੰਦਰ ਥਿੰਦ,ਡਾ.ਰਾਹੁਲ ,ਡਾ.ਸੁਰਜੀਤ ਸਿੰਘ ਦੌਧਰ,ਪ੍ਰਿੰਸੀਪਲ ਰੁਪਿੰਦਰ ਕੌਰ ਹਾਂਸ,ਹੈਡ ਮਿਸ.ਪੂਜਾ ਵਰਮਾ ਅਤੇ ਆਰਟਿਸਟ ਪ੍ਰਿਤਪਾਲ ਸਿੰਘ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਟਰੱਸਟ ਦੇ ਪ੍ਰਧਾਨ ਰਣਜੀਤ ਸਿੰਘ ਹਠੂਰ,ਮੀਤ ਪ੍ਰਧਾਨ ਸੁਖਵਿੰਦਰ ਸਿੰਘ ਸਦਰਪੁਰਾ,ਜਨਰਲ ਸਕੱਤਰ ਅਮਰਜੀਤ ਸਿੰਘ ਚੀਮਾ,ਕੈਸ਼ੀਅਰ ਜਸਵੰਤ ਰਾਏ ਕਮਲ, ਸਲਾਹਕਾਰ ਇਕਬਾਲ ਸਿੰਘ ਰਸੂਲਪੁਰ, ਸਲਾਹਕਾਰ ਸਤਨਾਮ ਸਿੰਘ ਹਠੂਰ, ਕੋਆਰਡੀਨੇਟਰ ਡਾ.ਜਸਵੀਰ ਸਿੰਘ, ਕੋਆਰਡੀਨੇਟਰ ਰਜਿੰਦਰ ਸਿੰਘ ਧਾਲੀਵਾਲ, ਸਰਪ੍ਰਸਤ ਘੁਮੰਡਾ ਸਿੰਘ,ਪ੍ਰੈੱਸ ਸਕੱਤਰ ਸਰਬਜੀਤ ਸਿੰਘ ਭੱਟੀ,ਜਗਸੀਰ ਸਿੰਘ ਹਠੂਰ,ਜਗਤਾਰ ਸਿੰਘ ਚੀਮਾ,ਸਰਪ੍ਰਸਤ ਬਲਵਿੰਦਰ ਸਿੰਘ ਚੋਪੜਾ,ਮੈਨੇਜਰ ਸਰੂਪ ਸਿੰਘ, ਕਰਮਜੀਤ ਸਿੰਘ ਢੋਲਣ,ਸਰਪੰਚ ਦਰਸ਼ਨ ਸਿੰਘ ਪੋਨਾ,ਡਾ.ਹਰਬੰਸ ਸਿੰਘ,ਸ਼੍ਰੀ ਅਮਰ ਨਾਥ ਆਦਿ ਮੈਂਬਰ ਹਾਜ਼ਰ ਸਨ

## ਡੇਰਾ ਪ੍ਰੇਮੀਆਂ ਨੇ ਗਊ ਦੀ ਮੱਲ੍ਹਮ ਪੱਟੀ ਕਰ ਸੱਚੇ ਇਨਸਾਨ ਹੋਣ ਦਾ ਪ੍ਰਮਾਣ ਦਿੱਤਾ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ,07 ਦਸੰਬਰ : ਮਨੁੱਖਤਾ ਦੀ ਨਿਸਵਾਰਥ ਸੇਵਾ ਨੂੰ ਸਮਰਪਿਤ ਸੰਸਥਾ ਡੇਰਾ ਸੱਚਾ ਸੌਦਾ ਸਰਸਾ ਜਿੱਥੇ ਮਨੁੱਖਤਾ ਤੇ ਆਏ ਹਰ ਔਕੜ ਸਮੇਂ ਮੋਹਰੀ ਰੋਲ ਅਦਾ ਕਰਦਾ ਹੈ ਉਥੇ ਹੀ ਸੰਸਥਾ ਨਾਲ ਜੁੜੇ ਡੇਰਾ ਪ੍ਰੇਮੀ ਲਾਚਾਰ ਬੇਜ਼ੁਬਾਨ ਪਸ਼ੂ ਪੰਛੀਆਂ ਦੇ ਇਲਾਜ਼ ਚ ਮੱਦਦ ਕਰ ਅਸਲ ਮਾਇਨੇ ਚ ਇੰਨਸਾਨ ਹੋਣ ਦਾ ਸਬੂਤ ਦੇ ਰਹੇ ਹਨ। ਅੱਜ ਦੇ ਇਸ ਸਵਾਰਥ ਭਰੇ ਯੁੱਗ ਚ ਅਕਸਰ ਜਦੋਂ ਕੋਈ ਪਾਲਤੂ ਪਸ਼ੂ ਕੰਮ ਦਾ ਨਹੀਂ ਰਹਿੰਦਾ ਤਾਂ ਲੋਕ ਡੰਡੇ ਮਾਰ ਘਰੋਂ ਕੱਢ ਦਿੰਦੇ ਹਨ ਪਰ ਅਜਿਹੇ ਪਸ਼ੂਆਂ ਦੀ ਸੇਵਾ ਕਰਨਾ ਡੇਰਾ ਪ੍ਰੇਮੀ ਆਪਣਾ ਫ਼ਰਜ਼ ਸਮਝਦੇ ਹਨ।

ਇਸੇ ਲੜੀ ਨੂੰ ਅੱਗੇ ਤਰਦਿਆਂ ਬਲਾਕ ਬਠਿੰਡਾ ਦੇ ਏਰੀਆ ਧੋਬੀਆਣਾ ਬਸਤੀ ਦੇ ਸੇਵਾਦਾਰਾਂ ਨੇ ਇੱਕ ਗਊ ਦੀ ਮੱਲਮ ਪੱਟੀ ਕਰਕੇ ਇਨਸਾਨੀਅਤ ਤੇ ਪਹਿਰਾ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏਰੀਆ ਧੋਬੀਆਣਾ ਬਸਤੀ ਦੇ ਪ੍ਰੇਮੀ ਸੇਵਕ ਸੋਨੂੰ! ਮਾਨ ਇੰਸਾਂ ਦੱਸਿਆ ਕਿ ਉਹਨਾਂ ਨੂੰ ਜਾਣਕਾਰੀ ਮਿਲੀ ਸੀ ਕਿ ਸਥਾਨਕ ਝੀਲਾਂ ਨਜ਼ਦੀਕ ਪੈਂਦੇ ਸੁੱਚਾ ਸਿੰਘ ਨਗਰ ਵਿਖੇ ਇੱਕ ਗਊ ਲਾਚਾਰ ਅਵਸਥਾ ਵਿੱਚ ਪਈ ਹੈ। ਜਿਸ ਤੇ ਉਹਨਾਂ ਵੱਲੋਂ ਆਪਣੇ ਸਾਥੀਆਂ ਸੇਵਾਦਾਰ ਜਸਵੰਤ ਇੰਸਾ ਮੁਕੇਸ਼ ਇੰਸਾ ਅਤੇ ਗਗਨ ਇੰਸਾਂ ਨਾਲ ਦੱਸੀ ਥਾਂ ਤੇ ਪਹੁੰਚ ਕੀਤੀ ਤਾਂ ਦੇਖਿਆ ਕਿ ਉਕਤ ਗਊ ਦੇ ਜ਼ਖਮੀ ਹੋਣ ਕਾਰਨ ਕੀੜੇ ਪਏ ਹੋਏ ਸਨ। ਪ੍ਰੇਮੀ ਸੇਵਕ ਨੇ ਅੱਗੇ ਦੱਸਿਆ ਕਿ ਉਹਨਾਂ ਵੱਲੋਂ ਆਪਣੇ ਸਾਥੀ ਸੇਵਾਦਾਰਾਂ ਦੀ ਮੱਦਦ ਨਾਲ ਗਊ ਦੇ ਜਖਮਾਂ ਨੂੰ ਸਾਫ਼ ਕੀਤਾ ਅਤੇ ਮੱਲ੍ਹਮ ਪੱਟੀ ਕੀਤੀ। ਇਸ ਬਾਰੇ ਬੋਲਦਿਆਂ ਸੇਵਾਦਾਰਾਂ ਨੇ ਕਿਹਾ ਕਿ ਡੇਰਾ ਸੱਚਾ ਸੌਦਾ ਦੇ ਮੌਜੂਦਾ ਪੂਜਨੀਕ ਗੁਰੂ ਜੀ ਦੀਆਂ ਸਿੱਖਿਆਵਾਂ ਹੀ ਹਨ ਜੋ ਉਹਨਾਂ ਵੱਲੋਂ ਇਹ ਕਾਰਜ਼ ਕੀਤਾ ਗਿਆ ਹੈ।ਇਸ ਮੌਕੇ ਹਾਜ਼ਰੀਨ ਲੋਕਾਂ ਵੱਲੋਂ ਡੇਰਾ ਪ੍ਰੇਮੀਆਂ ਵੱਲੋਂ ਕੀਤੇ ਇਸ ਨੇਕ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ।

## ਤੁਹਾਡੀ ਜੇਬ ਵਿੱਚ ਇੱਕ ਵੀ ਯੂਰੋ ਨਹੀਂ ਹੁੰਦਾ .........

ਵਰਲਡ ਪੰਜਾਬੀ ਟਾਈਮਜ਼
ਵੀਨਾ ਭਾਟੀਆ



ਇੱਕ ਤਸਵੀਰ ਤੇਜ਼ੀ ਨਾਲ ਜਰਮਨੀ ਵਿੱਚ ਫੈਲ ਗਈ। ਮਸ਼ਹੂਰ ਜਰਮਨ ਮੈਗਜ਼ੀਨ ਡੇਰ ਸਪੀਗਲ ਨੇ ਤਸਵੀਰ ਦੀ ਜਾਂਚ ਕੀਤੀ ਅਤੇ ਤਸਵੀਰ ਵਿੱਚ ਭਾਰਤੀ ਨੌਜਵਾਨ ਦੀ ਭਾਲ ਸ਼ੁਰੂ ਕੀਤੀ। ਇਹ ਖੋਜ ਅੰਤ ਵਿੱਚ ਮਿਊਨਿਖ ਵਿੱਚ ਖਤਮ ਹੋਈ, ਜਿੱਥੇ ਪਤਾ ਲੱਗਾ ਕਿ ਨੌਜਵਾਨ ਗੈਰ-ਕਾਨੂੰਨੀ ਤੌਰ ‘ਤੇ ਰਹਿ ਰਿਹਾ ਸੀ।

ਪੱਤਰਕਾਰ ਨੇ ਉਸਨੂੰ ਪੁੱਛਿਆ, “ਕੀ ਤੁਹਾਨੂੰ ਪਤਾ ਹੈ ਕਿ ਤੁਹਾਡੇ ਨਾਲ ਬੈਠੀ ਸੁਨਹਿਰੀ ਗੇਮ ਗਰਲ ਮਸ਼ਹੂਰ ਲੜੀ ਦੀ ਨਾਇਕਾ ਮੈਸੀ ਵਿਲੀਅਮਜ਼ ਸੀ?” ਦੁਨੀਆ ਭਰ ਵਿੱਚ ਉਸਦੇ ਲੱਖਾਂ ਗੇਮ ਆਫ਼ ਥ੍ਰੋਨਸ ਪ੍ਰਸ਼ੰਸਕ ਹਨ ਜੋ ਸਿਰਫ ਉਸ ਨਾਲ ਸੈਲਫੀ ਲੈਣ ਦਾ ਸੁਪਨਾ ਦੇਖਦੇ ਹਨ, ਪਰ ਤੁਸੀਂ ਬਿਲਕੁਲ ਵੀ ਪ੍ਰਤੀਕਿਰਿਆ ਨਹੀਂ ਦਿੱਤੀ। “ਕਿਉਂ?”

ਇਸ ਭਾਰਤੀ ਨੌਜਵਾਨ ਨੇ ਸ਼ਾਂਤੀ ਨਾਲ ਜਵਾਬ ਦਿੱਤਾ, “ਜਦੋਂ ਤੁਹਾਡੇ ਕੋਲ ਰਿਹਾਇਸ਼ੀ ਪਰਮਿਟ ਨਹੀਂ ਹੁੰਦਾ, ਤੁਹਾਡੀ ਜੇਬ ਵਿੱਚ ਇੱਕ ਵੀ ਯੂਰੋ ਨਹੀਂ ਹੁੰਦਾ, ਅਤੇ ਤੁਸੀਂ ਹਰ ਰੋਜ਼ ਰੇਲਗੱਡੀ ਵਿੱਚ ਗੈਰ-ਕਾਨੂੰਨੀ ਤੌਰ ‘ਤੇ ਯਾਤਰਾ ਕਰਦੇ ਹੋ, ਤਾਂ ਤੁਹਾਨੂੰ ਕੋਈ ਪਰਵਾਹ ਨਹੀਂ ਹੁੰਦੀ ਕਿ ਤੁਹਾਡੇ ਨਾਲ ਕੌਣ ਬੈਠਾ ਹੈ।”

ਉਸਦੀ ਇਮਾਨਦਾਰੀ ਅਤੇ ਸਥਿਤੀ ਤੋਂ ਪ੍ਰਭਾਵਿਤ ਹੋ ਕੇ, ਮੈਗਜ਼ੀਨ ਨੇ ਉਸਨੂੰ 800 ਯੂਰੋ ਦੀ ਮਹੀਨਾਵਾਰ ਤਨਖਾਹ ਦੇ ਨਾਲ ਡਾਕੀਏ ਵਜੋਂ ਨੌਕਰੀ ਦੀ ਪੇਸ਼ਕਸ਼ ਕੀਤੀ। ਇਸ ਰੁਜ਼ਗਾਰ ਇਕਰਾਰਨਾਮੇ ਲਈ ਧੰਨਵਾਦ, ਉਸਨੇ ਤੁਰੰਤ ਬਿਨਾਂ ਕਿਸੇ ਮੁਸ਼ਕਲ ਦੇ ਇੱਕ ਨਿਯਮਤ ਰਿਹਾਇਸ਼ੀ ਪਰਮਿਟ ਪ੍ਰਾਪਤ ਕਰ ਲਿਆ।

## ਇੱਕ ਚੀਨੀ ਲੋਕ ਕਹਾਣੀ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ



ਭਵਿੱਖ ਬਾਣੀ ਕਰਨ ਵਾਲ਼ੇ ‘ਬਾਬੇ’ ਨੇ ਦੱਸਿਆ ‘ਗੁਪਤੀ-ਮੰਤਰ’
ਇਲਾਕੇ ਵਿੱਚ ਇਕ ਸੰਤ ਦੀ ਬੜੀ ਮਸ਼ਹੂਰੀ ਸੀ ਕਿ ਉਹ ਉਂਗਲ਼ੀਆਂ ਦੇ ਇਸ਼ਾਰੇ ਨਾਲ ਭਵਿੱਖ ਦੱਸਦਾ ਹੈ!ਤਿੰਨ ਮੁੰਡੇ ਪੇਪਰ ਦੇ ਕੇ ਉਸ ਸੰਤ ਕੋਲ ਚਲੇ ਗਏ।ਪੁੱਛਿਆ ਕਿ ਬਾਬਾ ਜੀ ਅਸੀਂ ਪਾਸ ਹੋਵਾਂ ਗੇ ਕਿ ਫੇਲ੍ਹ ?ਬਾਬੇ ਨੇ ਇਸ਼ਾਰੇ ਮਾਤਰ ਇੱਕ ਉਂਗਲੀ ‘ਤਾਂਹ ਨੂੰ ਖੜ੍ਹੀ ਕਰ ਦਿੱਤੀ !
ਕੁੱਝ ਦਿਨਾਂ ਬਾਅਦ ਨਤੀਜਾ ਆਇਆ ਤਾਂ ਤਿੰਨੋਂ ਮੁੰਡੇ ਲੱਡੂਆਂ ਦੇ ਡੱਬੇ ਲੈ ਕੇ ਬਾਬੇ ਦੇ ਚਰਨਾਂ ‘ਚ ਜਾ ਪਹੁੰਚੇ ਕਿਉਂ ਕਿ ਉਹ ਤਿੰਨੇਂ ਜਣੇ ਪਾਸ ਹੋ ਗਏ ਸਨ!ਖੁਸ਼ੀ ‘ਚ ਖੀਵੇ ਹੋਏ ਤਿੰਨੇਂ ਈ ਬਾਬੇ ਨੂੰ ਕਹਿੰਦੇ ਕਿ ਤੁਸੀਂ ਇੱਕ ਉਂਗਲ਼ੀ ਖੜ੍ਹੀ ਕਰਕੇ ਸਾਡਾ ਤੇਹਾਂ 6ਦਾ ਇੱਕੋ ਜਿਹਾ ਨਤੀਜਾ ਆਉਣ ਦੀ ਪੇਸ਼ੀਨਗੋਈ ਕਰ’ਤੀ ਸੀ,ਜੋ ਸੌ ਪ੍ਰਤੀਸ਼ਤ ਸੱਚ ਸਾਬਤ ਹੋਈ ਹੈ ਜੀ!!
ਉਨ੍ਹਾਂ ‘ਚੋਂ ਦੋ ਮੁੰਡੇ ਤਾਂ ਬਾਬੇ ਦਾ ਸ਼ੁਕਰਾਨਾ ਕਰਕੇ ਘਰਾਂ ਨੂੰ ਚਲੇ ਗਏ ਪਰ ਇਕ ਜਣਾ ਬਾਬੇ ਦੇ ਖਹਿੜੇ ਪੈ ਗਿਆ ਅਖੇ ਮਹਾਰਾਜ ਜੀ! ਮੈਂ ਨੀ ਹੁਣ ਕੋਈ ਹੋਰ ਪੜ੍ਹਾਈ ਕਰਨੀਂ,ਬਸ ਮੈਨੂੰ ਤਾਂ ਭਵਿੱਖ ਜਾਨਣ ਦੀ ਵਿੱਦਿਆ ਸਿਖਾ ਦਿਉ !!
ਪਹਿਲਾਂ ਤਾਂ ਬਾਬਾ ਟਾਲ਼ੇ-ਬੁੱਤੇ ਜਿਹੇ ਕਰੀ ਗਿਆ ਪਰ ਜਦ ਮੁੰਡਾ ਖਹਿੜੇ ਈ ਪੈ ਗਿਆ ਤਾਂ ਉਹ ਕਹਿੰਦਾ-

“ਕਾਕਾ ਇਹ ‘ਇਕ ਉਂਗਲ਼ੀ’ ਦਾ ਹੀ ਖੇਡ੍ਹ ਹੈ !ਇਹ ਸ਼ਰਧਾਲੂਆਂ ਦੀ ‘ਮੰਦ-ਬੁੱਧੀ’ ਹੀ ਮੇਰੀ ਇੱਕ ਉਂਗਲ਼ੀ ਦੇ ਆਪੋ ਆਪਣੇ ਅਰਥ ਕੱਢ ਲੈਂਦੀ ਐ !
ਪਾਸ ਹੋਣ ਦੀ ਥਾਂਹ ਜੇ ਤੁਸੀਂ ਤਿੰਨੋਂ ਫੇਲ੍ਹ ਹੋ ਜਾਂਦੇ ਤਾਂ ਵੀ ਤੁਸੀਂ ਤਿੰਨਾਂ ਨੇ ਸੋਚ ਲੈਣਾ ਸੀ ਬਾਬਾ ਜੀ ਦਾ ਇਸ਼ਾਰਾ ਸਾਡੇ ਤਿੰਨਾਂ ਲਈ ਸੱਚਾ ਹੋ ਗਿਆ.......!”
ਬਾਬੇ ਨੂੰ ਟੋਕਦਿਆਂ ਮੁੰਡਾ ਕਹਿੰਦਾ-‘ਜੀ ਜੇ ਸਾਡੇ ‘ਚੋਂ ਦੋ ਜਣੇ ਪਾਸ ਜਾਂ ਦੋ ਫੇਲ੍ਹ ਹੁੰਦੇ ਫਿਰ ? ਫਿਰ ਤੁਹਾਡੀ ਇੱਕ ਉਂਗਲ਼ੀ ਖੜ੍ਹੀ ਕਰਨ ਦਾ ਕੀ ਬਣਦਾ ?’
ਹੱਸ ਕੇ ਬਾਬਾ ਕਹਿੰਦਾ-“ਫਿਰ ਫੇਲ੍ਹ/ਪਾਸ ਹੋਏ,ਇਕ ਜਣੇ ਨੇ ਮੇਰਾ ਪੈਰਾਂ ‘ਚ ਆ ਬਹਿਣਾ ਸੀ !”

## ਮੁਕਤਸਰ ਵਿਕਾਸ ਮਿਸ਼ਨ ਵੱਲੋਂ ਸੰਵਿਧਾਨ ਦੀ ਸੁਰੱਖਿਆ ਦਾ ਪ੍ਰਣ ਲਿਆ ਗਿਆ : ਢੋਸੀਵਾਲ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

ਸ੍ਰੀ ਮੁਕਤਸਰ ਸਾਹਿਬ 7 ਦਸੰਬਰ : ਦੁਨੀਆ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਵਿਦਵਾਨਾਂ ਦੀ ਗਿਣਤੀ ਵਿੱਚ ਵਿਸ਼ੇਸ਼ ਸਥਾਨ ਰੱਖਣ ਵਾਲੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਭਾਰਤ ਦਾ ਸੰਵਿਧਾਨ ਲਿਖਿਆ ਸੀ। ਇਹ ਸੰਵਿਧਾਨ ਦੁਨੀਆ ਵਿਚ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ 06 ਦਸੰਬਰ 1956 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਉਨ੍ਹਾਂ ਦੀ ਯਾਦ ਵਿੱਚ ਛੇ ਦਸੰਬਰ ਨੂੰ ਉਨ੍ਹਾਂ ਦੇ ਨਾਮਲੇਵਾ ਅਤੇ ਸੂਝਵਾਨ ਵਿਅਕਤੀ ਭਾਰਤ ਸਮੇਤ ਸਾਰੀ ਦੁਨੀਆ ਵਿੱਚ ਪ੍ਰੀ-ਨਿਰਵਾਣ ਦਿਵਸ ਵਜੋਂ ਮਨਾਉਂਦੇ ਹਨ। ਇਸੇ ਤਰ੍ਹਾਂ ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਅੱਜ ਪ੍ਰੀ-ਨਿਰਵਾਣ ਦਿਵਸ ਮੌਕੇ ਸਥਾਨਕ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਬਣੇ ਡਾ. ਅੰਬੇਡਕਰ ਪਾਰਕ ਵਿਖੇ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਮਿਸ਼ਨ ਮੁਖੀ ਪ੍ਰਸਿਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ ਇਸ ਮੀਟਿੰਗ ਦੌਰਾਨ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਚੌ. ਬਲਬੀਰ ਸਿੰਘ ਤੋਂ ਇਲਾਵਾ ਪ੍ਰਦੀਪ ਧੁੜੀਆ ਪੈਟਰਨ ਅਤੇ ਬਲਜੀਤ ਸਿੰਘ ਕੋਆਪ੍ਰੇਟਿਵ ਆਦਿ ਮੈਂਬਰ ਮੌਜੂਦ ਸਨ। ਇਸ ਤੋਂ ਇਲਾਵਾ ਪੈਨਸ਼ਨਰ ਵੈਲਫੇਅਰ



ਐਸੋਸੀਏਸ਼ਨ ਜਨ ਸਿਹਤ ਵਿਭਾਗ ਦੇ ਆਗੂ ਚਿੰਤ ਰਾਮ ਨਾਹਰ ਸਮੇਤ ਸਰੂਪ ਚੰਦ, ਹਰਭਜਨ ਸਿੰਘ ਮੱਕੜ, ਦੇਸ ਰਾਜ, ਜੈ ਸਿੰਘ, ਰਜਿੰਦਰ ਕੁਮਾਰ ਅਤੇ ਬਲਵੀਰ ਸਿੰਘ ਆਦਿ ਵੀ ਉਚੇਚੇ ਤੌਰ ‘ਤੇ ਮੀਟਿੰਗ ਵਿੱਚ ਸ਼ਾਮਿਲ ਹੋਏ। ਮੀਟਿੰਗ ਦੌਰਾਨ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੇ ਚੀਫ ਸੁਪਰਵਾਈਜਰ ਡਾ. ਦਿਲਬਾਗ ਸਿੰਘ ਬਾਗੀ ਖਿੜਗੀਆਂਵਾਲਾ, ਦੇਸ ਰਾਜ ਪੇਂਟਰ ਅਤੇ ਗੁਰਮੇਲ ਸਿੰਘ ਆਦਿ ਨੇ ਵੀ ਸ਼ਿਰਕਤ ਕੀਤੀ। ਇਸੇ ਤਰ੍ਹਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ, ਸ਼ਿਗਾਰਾ ਸਿੰਘ ਔਲਖ, ਸੁਖਦੇਵ ਸਿੰਘ ਔਲਖ, ਬਲਬੀਰ ਸਿੰਘ ਔਲਖ, ਜਗਸੀਰ ਸਿੰਘ ਘਾਲੀ ਅਤੇ ਖੁਸ਼ਹਾਲ ਸਿੰਘ ਵੰਗਲ ਆਦਿ ਨੇ ਵੀ ਉਚੇਚੇ ਤੌਰ ‘ਤੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਡਾ. ਅੰਬੇਡਕਰ ਦੇ ਬੁੱਤ ਨੂੰ ਫੁੱਲ ਭੇਂਟ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ। ਉਕਤ ਜਾਣਕਾਰੀ ਦਿੰਦੇ ਹੋਏ ਢੋਸੀਵਾਲ ਨੇ ਦੱਸਿਆ ਹੈ ਕਿ ਮੀਟਿੰਗ ਦੌਰਾਨ ਮਿਸ਼ਨ ਮੈਂਬਰਾਂ ਸਮੇਤ ਸਾਰਿਆਂ ਨੇ ਸੰਵਿਧਾਨ ਦੀ ਸੁਰੱਖਿਆ ਅਤੇ ਇਸ ਨੂੰ ਸਹੀ ਢੰਗ ਨਾਲ ਲਾਗੂ ਕਰਵਾਏ ਜਾਣ ਦਾ ਪ੍ਰਣ ਵੀ ਲਿਆ। ਇਸ ਮੌਕੇ ਸਮੂਹ ਬੁਲਾਰਿਆਂ ਨੇ ਡਾ. ਅੰਬੇਡਕਰ ਨੂੰ ਸਮੁੱਚੇ ਸਮਾਜ ਲਈ ਮਾਰਗ ਦਰਸ਼ਕ ਕਰਾਰ ਦਿੱਤਾ। ਮੁੱਖ ਰੂਪ ‘ਚ ਆਪਣੇ ਸੰਬੋਧਨ ਵਿੱਚ ਪ੍ਰਧਾਨ ਢੋਸੀਵਾਲ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਭਾਰਤੀ ਸੰਵਿਧਾਨ ਅੰਦਰ ਔਰਤਾਂ ਸਮੇਤ ਸਾਰਿਆਂ ਨੂੰ ਸਮਾਨਤਾ ਅਤੇ ਵੋਟ ਦਾ ਅਧਿਕਾਰ, ਔਰਤਾਂ ਲਈ ਪ੍ਰਸੂਤਾ ਛੁੱਟੀ, ਮਜਦੂਰਾਂ ਲਈ ਕੰਮ ਦੇ ਘੰਟੇ ਨਿਸਚਿਤ ਕਰਨ ਅਤੇ ਹਜ਼ਾਰਾਂ ਸਾਲ ਤੋਂ ਦੱਬੇ ਕੁਚਲੇ ਲੋਕਾਂ ਨੂੰ ਸਮਾਜਿਕ ਅਤੇ ਰਾਜਨੀਤਕ ਤੌਰ ‘ਤੇ ਬਰਾਬਰ ਕਰਨ ਲਈ ਸਰਕਾਰੀ ਨੌਕਰੀਆਂ ਅਤੇ ਰਾਜਨੀਤੀ ਵਿੱਚ ਰਾਖਵੇਂਕਰਨ ਦਾ ਅਧਿਕਾਰ ਦਿੱਤਾ ਸੀ। ਢੋਸੀਵਾਲ ਨੇ ਅੱਗੇ ਕਿਹਾ ਹੈ ਕਿ ਡਾ. ਅੰਬੇਡਕਰ ਦੀ ਸਮੁੱਚੇ ਸਮਾਜ ਨੂੰ ਦਿੱਤੀ ਦੇਣ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ ਅਤੇ ਸਮੁੱਚੇ ਦੇਸ਼ ਵਾਸੀ ਸਦਾ ਉਨ੍ਹਾਂ ਦੇ ਰਿਣੀ ਰਹਿਣਗੇ। ਸਾਨੂੰ ਸਾਰਿਆਂ ਨੂੰ ਡਾ. ਅੰਬੇਡਕਰ ਵੱਲੋਂ ਦਿਖਲਾਏ ਰਸਤੇ ‘ਤੇ ਚੱਲਣਾ ਚਾਹੀਦਾ ਹੈ। ਅਜਿਹਾ ਕਰਨਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ।

## ਕਾਦੀਆਂ-ਬਿਆਸ ਰੇਲਵੇ ਲਿੰਕ ਨੂੰ ਵੀ ਮਿਲੀ ਮਨਜ਼ੂਰੀ

ਵਰਲਡ ਪੰਜਾਬੀ ਟਾਈਮਜ਼




ਬਿਆਸ 7 ਦਸੰਬਰ : ਰੇਲਵੇ ਨੇ ਲੰਮੇ ਸਮੇਂ ਤੋਂ ਲਟਕਦੇ 40 ਕਿਲੋਮੀਟਰ ਲੰਬੇ ਕਾਦੀਆਂ-ਬਿਆਸ ਰੇਲ ਮਾਰਗ ‘ਤੇ ਕੰਮ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਦੱਸ ਦਈਏ ਕਿ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਅਧਿਕਾਰੀਆਂ ਨੂੰ ਇਸ ਪ੍ਰੋਜੈਕਟ ਨੂੰ “ਡੀਫ੍ਰੀਜ਼” ਕਰਨ ਦੇ ਨਿਰਦੇਸ਼ ਦਿੱਤੇ ਹਨ। ਪਹਿਲਾਂ ਇਹ ਪ੍ਰੋਜੈਕਟ ਸੰਰੇਖਣ ਦੀਆਂ ਚੁਣੌਤੀਆਂ, ਜ਼ਮੀਨ ਹਾਸਲ ਕਰਨ ਵਿੱਚ ਰੁਕਾਵਟਾਂ ਅਤੇ ਸਥਾਨਕ ਪੱਧਰ ਦੀਆਂ ਰਾਜਨੀਤਿਕ ਗੁੰਝਲਾਂ ਕਾਰਨ “ਫ੍ਰੀਜ਼” ਸ਼੍ਰੇਣੀ ਵਿੱਚ ਪਾ ਦਿੱਤਾ ਗਿਆ ਸੀ। ਰੇਲਵੇ ਦੀ ਭਾਸ਼ਾ ਵਿੱਚ ਕਿਸੇ ਪ੍ਰੋਜੈਕਟ ਨੂੰ “ਫ੍ਰੋਜ਼ਨ” ਕਰਨ ਦਾ ਮਤਲਬ ਹੈ ਉਸ ਨੂੰ ਠੰਢੇ ਬਸਤੇ ਵਿੱਚ ਪਾ ਦੇਣਾ, ਕਿਉਂਕਿ ਵੱਖ-ਵੱਖ ਕਾਰਨਾਂ ਕਰਕੇ ਅੱਗੇ ਵਧਣਾ ਸੰਭਵ ਨਹੀਂ ਰਹਿੰਦਾ। “ਡੀਫ੍ਰੀਜ਼” ਕਰਨ ਦਾ ਮਤਲਬ ਹੈ ਪ੍ਰੋਜੈਕਟ ਨੂੰ ਮੁੜ ਜੀਵੰਤ ਕਰਨਾ—ਸਾਰੀਆਂ ਰੁਕਾਵਟਾਂ ਦੂਰ ਕਰਨ ਤੋਂ ਬਾਅਦ ਕੰਮ ਫਿਰ ਸ਼ੁਰੂ ਹੋ ਜਾਂਦਾ ਹੈ।
ਬਿੱਟੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੇਲ ਮੰਤਰੀ ਸ੍ਰੀ ਅਸ਼ਵਿਨੀ ਵੈਸ਼ਨਵ ਜੀ ਨੇ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਦੇ ਰੇਲਵੇ ਪ੍ਰੋਜੈਕਟਾਂ ਲਈ ਪੈਸੇ ਦੀ ਕੋਈ ਕਮੀ ਨਹੀਂ ਹੈ। ਮੈਂ ਵੀ ਨਿਰੰਤਰ ਨਵੇਂ ਪ੍ਰੋਜੈਕਟ ਸ਼ੁਰੂ ਕਰਨ, ਲਟਕਦੇ ਪ੍ਰੋਜੈਕਟ ਪੂਰੇ ਕਰਨ ਅਤੇ ਅਚਾਨਕ ਕਾਰਨਾਂ ਕਰਕੇ ਬੰਦ ਹੋਏ ਪ੍ਰੋਜੈਕਟਾਂ ਨੂੰ ਮੁੜ ਜੀਵੰਤ ਕਰਨ ਵਿੱਚ ਲੱਗਾ ਹੋਇਆ ਹਾਂ। ਮੋਹਾਲੀ-ਰਾਜਪੁਰਾ, ਫਿਰੋਜ਼ਪੁਰ-ਪੱਟੀ ਅਤੇ ਹੁਣ ਕਾਦੀਆਂ-ਬਿਆਸ—ਮੈਨੂੰ ਪੂਰੀ ਤਰ੍ਹਾਂ ਪਤਾ ਸੀ ਕਿ ਇਹ ਲਾਈਨ ਕਿੰਨੀ ਮਹੱਤਵਪੂਰਨ ਹੈ।
ਇਸੇ ਲਈ ਮੈਂ ਅਧਿਕਾਰੀਆਂ ਨੂੰ ਸਾਰੀਆਂ ਰੁਕਾਵਟਾਂ ਦੂਰ ਕਰਕੇ ਨਿਰਮਾਣ ਕਾਰਜ ਮੁੜ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਨਵੀਂ ਰੇਲ ਲਾਈਨ ਖੇਤਰ ਦੀ “ਇਸਪਾਤ ਨਗਰੀ” ਕਹੇ ਜਾਂਦੇ ਬਟਾਲਾ ਦੀਆਂ ਸੰਘਰਸ਼ ਕਰ ਰਹੀਆਂ ਉਦਯੋਗਿਕ ਇਕਾਈਆਂ ਨੂੰ ਵੱਡਾ ਹੁਲਾਰਾ ਦੇਵੇਗੀ।
ਉੱਤਰੀ ਰੇਲਵੇ ਦੇ ਮੁੱਖ ਪ੍ਰਸ਼ਾਸਕੀ ਅਫ਼ਸਰ (ਨਿਰਮਾਣ) ਵੱਲੋਂ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ “ਰੇਲਵੇ ਬੋਰਡ ਦੀ ਇੱਛਾ ਹੈ ਕਿ ਕਾਦੀਆਂ-ਬਿਆਸ ਲਾਈਨ ਨੂੰ ਡੀਫ੍ਰੀਜ਼ ਕੀਤਾ ਜਾਵੇ ਅਤੇ ਵਿਸਤ੍ਰਿਤ ਅਨੁਮਾਨ ਜਲਦੀ ਮੁੜ ਜਮ੍ਹਾਂ ਕਰਵਾ ਕੇ ਮਨਜ਼ੂਰ ਕਰਵਾਇਆ ਜਾਵੇ ਤਾਂ ਜੋ ਨਿਰਮਾਣ ਕਾਰਜ ਸ਼ੁਰੂ ਕੀਤਾ ਜਾ ਸਕੇ।” ਇਸ ਪ੍ਰੋਜੈਕਟ ਦਾ ਇਤਿਹਾਸ ਬਹੁਤ ਪੁਰਾਣਾ ਹੈ—ਇਸ ਨੂੰ ਸਭ ਤੋਂ ਪਹਿਲਾਂ 1929 ਵਿੱਚ ਬ੍ਰਿਟਿਸ਼ ਸਰਕਾਰ ਨੇ ਮਨਜ਼ੂਰੀ ਦਿੱਤੀ ਸੀ ਅਤੇ ਨੌਰਥ-ਵੈਸਟਰਨ ਰੇਲਵੇ ਨੇ ਕੰਮ ਸ਼ੁਰੂ ਕੀਤਾ ਸੀ। 1932 ਤੱਕ ਲਗਭਗ ਇੱਕ-ਤਿਹਾਈ ਕੰਮ ਪੂਰਾ ਹੋ ਚੁੱਕਾ ਸੀ, ਪਰ ਅਚਾਨਕ ਪ੍ਰੋਜੈਕਟ ਬੰਦ ਕਰ ਦਿੱਤਾ ਗਿਆ ਸੀ

## ਸ੍ਰੀ ਫਤਿਹਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਦੀਆਂ ਸੜਕਾਂ ਦੀ ਮੁਰੰਮਤ ਅਤੇ ਸੁੰਦਰੀਕਰਨ



ਪੰਜਾਬ ਅੰਦਰ ਸਿੱਖ ਗੁਰੂਆਂ ਨਾਲ ਸਬੰਧਤ ਧਾਰਮਿਕ ਇਤਿਹਾਸਕ ਸਥਾਨਾਂ ਦੀ ਅਹਿਮ ਮਹੱਤਤਾ ਹੈ । ਜੇਕਰ ਸ੍ਰੀ ਫਤਿਹਗੜ੍ਹ ਸਾਹਿਬ ਦੀ ਗੱਲ ਕਰੀਏ ਤਾਂ ਇਸ ਛੋਟੇ ਸਾਹਿਬਜ਼ਾਦਿਆਂ ਦੇ ਖੂਨ ਨਾਲ ਲਬਰੇਜ਼ ਹੋਣ ਕਾਰਨ ਜੁਲਮ ਦੇ ਜਬਰ ਦੀ ਦਸਤਾਨ ਦਰਸਾਉਂਦੀ ਹੈ । ਹਰੇਕ ਸਾਲ ਇਸ ਧਰਤੀ ਉੱਪਰ ਪੋਹ ਦੇ ਮਹੀਨੇ ਛੋਟੇ ਸਾਹਿਬਜ਼ਾਦਿਆਂ ਦਾ ਤਿੰਨ ਦਿਨਾਂ ਲਈ ਸ਼ਹੀਦੀ ਸਭਾ ਦੇ ਸਮਾਗਮਾਂ ਨੂੰ ਮਨਾਇਆ ਜਾਂਦਾ ਹੈ । ਦਸੰਬਰ ਦੇ ਪਹਿਲੇ ਹਫਤੇ ਹੀ ਹਜ਼ਾਰਾਂ ਸੰਗਤਾਂ ਦੂਰ-ਦੁਰਾਡੇ ਤੋਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ।ਐਤਵਾਰ ਵਾਲੇ ਦਿਨ ਤਾਂ ਸੰਗਤਾਂ ਬਹੁਤਾਤ ਗਿਣਤੀ ‘ਚ ਨਤਮਸਤਕ ਹੁੰਦੀਆਂ ਹਨ । ਜਿਸ ਸਦਕਾ ਸੜਕਾਂ ਉੱਪਰ ਆਵਾਜਾਈ ‘ਚ ਵਿਘਨ ਪੈਣਾ ਲਾਜ਼ਮੀ ਹੈ ।ਜਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਵਲੋਂ ਪਿਛਲੇ ਮਹੀਨੇ ਉੱਚ ਅਧਿਕਾਰੀਆਂ ਦੀ ਮੀਟਿੰਗ ਵਿੱਚ ਸ਼ਹੀਦੀ ਸਭਾ ਤੋਂ ਪਹਿਲਾਂ ਸੜਕਾਂ ਦੀ ਮੁਰੰਮਤ ਪਹਿਲ ਦੇ ਆਧਾਰ ਉੱਪਰ ਕਰਨ ਦੇ ਆਦੇਸ਼ ਦਿੱਤੇ ਸੀ ਜੋ ਵਧੀਆ ਗਲ ਹੈ । ਜਿਸ ਪਵਿੱਤਰ ਧਰਤੀ ਉੱਪਰ ਲੱਖਾਂ ਸੰਗਤਾਂ ਦੇਸ਼ ਦੇ ਹਰ ਕੋਨੇ ਅਤੇ ਵਿਦੇਸ਼ਾਂ ਤੋਂ ਸਰਧਾ ਦੇ ਫੁਲ ਭੇਟ ਕਰਨ ਆਉਂਦੀਆਂ ਹਨ , ਉਨ੍ਹਾਂ ਲਈ ਇਸ ਪਵਿੱਤਰ ਸ਼ਹਿਰ ਦੀ ਹੱਦ ਅੰਦਰ ਦਾਖਲ ਹੁੰਦਿਆਂ ਹੀ ਸਾਰੀਆਂ ਸੜਕਾਂ ਸਾਫ ਸੁੱਥਰੀਆਂ ਸਵਾਗਤ ਕਰਦੀਆਂ ਹੋਣ । ਜਿਲ੍ਹੇ ਦੀ ਹੱਦ ਅੰਦਰਲੀਆਂ ਸੜਕਾਂ ਉੱਪਰ ਮੁਰੰਮਤ ਦਾ ਕੰਮ ਕਾਫੀ ਹੱਦ ਤੱਕ ਕੀਤਾ ਗਿਆ ਹੈ । ਜਦੋਂ ਕਿ ਪਿਛਲੇ ਸਾਲ ਦਸੰਬਰ ਦੇ ਦੂਸਰੇ ਹਫਤੇ ਤੱਕ ਮੁਰੰਮਤ ਦਾ ਕੰਮ ਸ਼ੁਰੂ ਨਹੀਂ ਹੋਇਆ ਸੀ । ਸ਼ਹੀਦੀ ਸਭਾ ਨੇੜਲੇ ਦਿਨਾਂ ਦੌਰਾਨ ਸੜਕਾਂ ਉੱਪਰ ਸੰਗਤਾਂ ਦਾ ਸੈਲਾਬ ਆਉਣ ਕਾਰਨ




ਸੰਗਤਾਂ ਨੂੰ ਵੀ ਦਿੱਕਤਾਂ ਆਉਂਦੀਆਂ ਹਨ ।ਇਸੇ ਸੰਦਰਭ ਵਿੱਚ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਦੋ ਮਹੀਨੇ ਪਹਿਲਾਂ ਹੀ ਸਬੰਧਤ ਉੱਚ ਅਧਿਕਾਰੀਆਂ ਦੀਆਂ ਵਾਰ ਵਾਰ ਮੀਟਿੰਗਾਂ ਕਰ ਕੇ ਸੜਕਾਂ ਦੀ ਮੁਰੰਮਤ ਦੇ ਕੰਮ ਦੀ ਸਮੀਖਿਆ ਕੀਤੀ ਗਈ ਹੈ ਜੋ ਸਲਾਹੁਣਯੋਗ ਹੈ , ਉਨ੍ਹਾ ਨੇ ਅਧਿਕਾਰੀਆਂ ਨੂੰ ਸਮਾਂਬੱਧ ਕੰਮ ਕਰਨ ਦੀਆਂ ਸਖਤ ਹਦਾਇਤਾਂ ਦਿੱਤੀਆਂ ਹਨ । ਸਹਿਰ ਦੇ ਸੁੰਦਰੀਕਰਨ ਲਈ ਗੱਲ ਵੀ ਕੀਤੀ ਹੈ ਜੋ ਵਧੀਆ ਗੱਲ ਹੈ ਜੋ ਇਸ ਪਵਿੱਤਰ ਧਰਤੀ ਲਈ ਹੋਣੀ ਵੀ ਚਾਹੀਦੀ ਹੈ ਕਿਉਂ ਕਿ ਦੇਸ਼ ਵਿਦੇਸ਼ ਦੀ ਸੰਗਤ ਲੱਖਾਂ ਦੀ ਤਾਦਾਦ ਵਿੱਚ ਆਉਂਦੀ ਹੈ , ਗੁਰਦੁਆਰਾ ਸਾਹਿਬ ਨੂੰ ਜਾਂਦਿਆਂ ਰਸਤਿਆਂ ਨੂੰ ਬੋਰਡ ਲਗਾ ਕੇ ਦਰਸਾਇਆ ਜਾਵੇ ।ਹੋਰ ਇਤਿਹਾਸਕ ਧਾਰਮਿਕ ਸਥਾਨਾਂ ਲਈ ਵੀ ਸਰਕਾਰ ਦੀ ਇਹੋ ਸੋਚ ਹੋਣੀ ਚਾਹੀਦੀ ਹੈ ।ਪਰ ਸਰਕਾਰ ਕਿਉਂ ਨਹੀਂ ਸਮਝਦੀ ਇਹ ਕੋਈ ਇੱਕ ਸਾਲ ਦਾ ਕੰਮ ਨਹੀਂ ਸਗੋਂ ਸੰਗਤਾਂ ਤਾਂ ਸਾਰਾ ਸਾਲ ਇਸ ਧਰਤੀ ਦੇ ਦਰਸ਼ਨ ਕਰਨ ਆਉਂਦੀਆਂ ਰਹਿੰਦੀਆਂ ਹਨ ।ਇਹ ਸਾਰੀਆਂ ਗੱਲਾਂ ਸਾਰਾ ਸਾਲ ਹੁੰਦੀਆਂ ਰਹਿਣੀਆਂ ਚਾਹੀਦੀਆਂ ਹਨ ਸਿਰਫ ਉਹ ਪ੍ਰਬੰਧ ਜਿਹੜੇ ਮੌਕੇ ਉੱਪਰ ਹੋਣੇ ਹੁੰਦੇ ਹਨ ਉਹ ਤਾਂ ਠੀਕ ਹੈ ਉਸ ਸਮੇਂ ਹੀ ਕਰਨੇ ਹੁੰਦੇ ਹਨ ਪਰ ਸੜਕਾਂ ਦੀ ਮੁਰੰਮਤ , ਸੜਕਾਂ ਤੇ ਧੁੰਦ ਤੋਂ ਬਚਾਅ ਲਈ ਰੰਗਦਾਰ ਪੱਟੀਆਂ , ਸ਼ਫਾਈ , ਡਿਵਾਈਡਰਾਂ ਤੇ ਪੇਂਟ , ਲਾਈਟਾਂ , ਪਬਲਿਕ ਟਾਇਲਟਸ ਵਗੈਰਾ ਦੇ ਕੰਮ ਸਾਰਾ ਸਾਲ ਮੁਕੰਮਲ ਸਾਫ ਸੁੱਥਰੇ ਹੋਣੇ ਚਾਹੀਦੇ ਹਨ ।ਰਾਜ ਦੀ ਰਾਜਧਾਨੀ ਨੂੰ ਜੌੜਦੀ ਚੁੰਨੀ , ਲਾਂਡਰਾਂ ਵਾਲੀ ਸੜਕ ਤੇ ਥਾਂ-ਥਾਂ ਉੱਪਰ ਐਨੇ ਡੂੰਘੇ ਟੋਏ ਹਨ ਕਿ ਤੇਜ਼ ਸਪੀਡ ਤੇ ਜਾ ਰਹੀਆਂ ਗੱਡੀਆਂ ਅਚਾਨਕ ਹੀ ਧੜੱਮ ਕਰਕੇ ਖੱਡੇ ‘ਚੋਂ ਲੰਘਦੀਆਂ ਹਨ ਜਿਸ ਕਰਕੇ ਕਿਸੇ ਵੀ ਗੱਡੀ ਨਾਲ ਦੁਰਘਟਨਾ ਵਾਪਰ ਸਕਦੀ ਹੈ , ਗੱਡੀਆਂ ਦਾ ਨੁਕਸਾਨ ਤਾਂ ਹੁੰਦਾ ਹੀ ਹੈ ਆਸ ਹੈ ਕਿ ਇਹ ਸੜਕ ਦੀ ਮੁਰੰਮਤ ਦਾ ਕੰਮ ਵੀ ਸ਼ਹੀਦੀ ਹਫਤੇ ਤੋਂ ਪਹਿਲਾਂ ਸੰਗਤਾਂ ਦੀ ਸਹੂਲਤ ਲਈ ਜਰੂਰ ਹੋਵੇਗਾ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰੂਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਬੰਧਤ ਇਤਿਹਾਸਕ ਧਾਰਮਿਕ ਸਥਾਨਾਂ ਨੂੰ ਆਪ ਮੂਹਰੇ ਹੋ ਕੇ ਸੁੰਦਰੀਕਰਨ ਬਣਾਉਣ ਦਾ ਕੰਮ ਸੰਗਤਾਂ ਦੇ ਸਹਿਯੋਗ ਨਾਲ ਕਰਾਉਣਾ ਚਾਹੀਦਾ ਹੈ , ਜਿਸ ਨੂੰ ਆਪ ਹੀ ਸੰਗਤਾਂ ਨੇ ਪੂਰਾ ਕਰ ਦੇਣਾ ਹੈ ਸਿਰਫ ਲੋੜ ਹੈ ਅਗਵਾਈ ਕਰਨ ਦੀ । ਇਸ ਇਤਿਹਾਸਕ ਨਗਰ ਨੂੰ ਜੋੜਦੀਆਂ ਸਾਰੀਆਂ ਸੜਕਾਂ ਨੂੰ ਪਹਿਲ ਦੇ ਆਧਾਰ ਉੱਪਰ ਸਾਫ ਸੁੱਥਰਾ ਅਤੇ ਆਲਾ ਦੁਆਲਾ ਸੁੰਦਰੀਕਰਨ ਰੱਖਣ ਲਈ ਗੁਰਦੁਆਰਾ ਕਮੇਟੀ ਨੂੰ ਸਰਕਾਰ ਕੋਲ ਮੁੱਦਾ ਉਠਾਉਣਾ ਚਾਹੀਦਾ ਹੈ ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਨੂੰ ਵੀ ਇੱਧਰ ਧਿਆਨ ਦੇਣਾ ਚਾਹੀਦਾ ਹੈ । ਜਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਖੁਦ ਸੜਕਾਂ ਦਾ ਮੁਆਇਨਾ ਸਮੇਂ ਸਮੇਂ ਸਿਰ ਕਰਦੇ ਰਹਿਣਾ ਚਾਹੀਦਾ ਹੈ ਮੌਕੇ ਤੇ ਹੀ ਖਰਾਬ ਸੜਕਾਂ ਠੀਕ ਕਰਨ ਦੀ ਅਧਿਕਾਰੀਆਂ ਨੂੰ ਹਦਾਇਤ ਕਰਨੀ ਚਾਹੀਦੀ ਹੈ ਤਾਂ ਕਿ ਇਸ ਪਵਿੱਤਰ ਸ਼ਹਿਰ ਦੀ ਦਿੱਖ ਬਾਹਰਲੀ ਸੰਗਤ ਸਾਹਮਣੇ ਸਾਰਾ ਸਾਲ ਚੰਗੀ ਬਣੀ ਰਹੇ । ।ਅਗਲੇ ਸਾਲ ਆਸ ਹੈ ਕਿ ਸਰਕਾਰ ਮੌਕੇ ਤੇ ਕਰਨ ਵਾਲੇ ਕੰਮਾਂ ਨੂੰ ਛੱਡ ਬਾਕੀ ਸਾਰੇ ਕੰਮ , ਸਹੂਲਤਾਂ ਸਾਰਾ ਸਾਲ ਬਰਕਰਾਰ ਅਤੇ ਮੁਕੰਮਲ ਰੂਪ ਵਿੱਚ ਸੰਗਤਾਂ ਨੂੰ ਪ੍ਰਦਾਨ ਕਰਵਾਏਗੀ ।ਇਹੋ ਹੀ ਛੋਟੀ ਉਮਰੇ ਸ਼ਹੀਦੀ ਦੇਣ ਵਾਲੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਸੱਚੀ ਸਰਧਾਂਜਲੀ ਹੋਵੇਗੀ ।